**ਮਿਤੀ 24.6.2015 ਨੂੰ ਮਾਨਯੋਗ ਸ੍ਰੀ ਚੁੰਨੀ ਲਾਲ ਭਗਤ, ਕਿਰਤ ਮੰਤਰੀ-ਕਮ-ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 17ਵੀਂ ਮੀਟਿੰਗ ਦੀ ਕਾਰਵਾਈ ਰਿਪੋਰਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 17ਵੀਂ ਮੀਟਿੰਗ, ਮਾਨਯੋਗ ਸ੍ਰੀ ਚੁੰਨੀ ਲਾਲ ਭਗਤ, ਚੇਅਰਮੈਨ ਬੋਰਡ-ਕਮ-ਕਿਰਤ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 24.6.2015 ਨੂੰ ਸਮਾਂ 12.00 ਵਜੇ (ਦੁਪਹਿਰ) ਸਰਕਟ ਹਾਉਸ, ਸੈਕਟਰ 39, ਚੰਡੀਗੜ੍ਹ ਵਿਖੇ ਹੋਈ। ਮੀਟਿੰਗ ਵਿੱਚ ਉਪਸਥਿਤ ਮੈਂਬਰਾਂ/ਪ੍ਰਤੀਨਿਧਾਂ ਦੇ ਨਾਮ ਅਨੁਲੱਗ 'ੳ' ਵਿੱਚ ਦਰਜ ਕੀਤੇ ਗਏ ਹਨ।

ਮੀਟਿੰਗ ਦੇ ਅਰੰਭ ਵਿੱਚ ਮੈਂਬਰ ਸਕੱਤਰ-ਕਮ-ਕਿਰਤ ਕਮਿਸ਼ਨਰ ਪੰਜਾਬ ਵਲੋਂ ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ-ਚੇਅਰਮੈਨ ਬੋਰਡ ਜੀ ਨੂੰ ਅਤੇ ਬਾਕੀ ਮੈਂਬਰ ਸਾਹਿਬਾਨ ਨੂੰ "ਜੀ ਆਇਆ" ਆਖਿਆ ਗਿਆ। ਇਸ ਉਪਰੰਤ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਆਰੰਭ ਹੋਈ। ਮੈਂਬਰ ਸਕੱਤਰ ਵਲੋਂ ਮੀਟਿੰਗ ਦੇ ਵੱਖ-ਵੱਖ ਅਜੰਡਿਆਂ ਬਾਰੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿਤੀ ਗਈ, ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ:1** **ਬੋਰਡ ਦੀ 16ਵੀਂ ਮੀਟਿੰਗ ਮਿਤੀ 30.3.2015 ਦੀ ਕਾਰਵਾਈ ਦੀ ਪੁਸ਼ਟੀ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਮਿਤੀ 30.3.2015 ਨੂੰ ਹੋਈ 16ਵੀਂ ਮੀਟਿੰਗ ਦੀ ਕਾਰਵਾਈ ਸਮੂਹ ਮੈਂਬਰ ਸਾਹਿਬਾਨ ਨੂੰ ਪੱਤਰ ਨੰ:ਬਕਵਵਬ/ਮੀਟਿੰਗ/2014-15/1736-1745 ਮਿਤੀ 20.4.2015 ਰਾਹੀਂ ਭੇਜ ਦਿਤੀ ਗਈ ਸੀ, ਜਿਸ ਬਾਰੇ ਕਿਸੇ ਮੈਂਬਰ ਪਾਸੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ, ਜਿਸ ਉਪਰੰਤ ਬੋਰਡ ਵਲੋਂ 16ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ:2** **ਬੋਰਡ ਦੀ 16ਵੀਂ ਮੀਟਿੰਗ ਵਿਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।**

ਮੈਂਬਰ ਸਕੱਤਰ ਵਲੋਂ ਬੋਰਡ ਦੀ 16ਵੀਂ ਮੀਟਿੰਗ ਸਬੰਧੀ ਆਈਟਮ ਵਾਈਜ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿਚ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿਤੀ ਗਈ। ਮੈਂਬਰ ਸਾਹਿਬਾਨ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਆਈਟਮ ਵਿਚ ਹੇਠ ਲਿਖੀਆਂ ਮੱਦਾਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਲਿਖੇ ਅਨੁਸਾਰ ਮੁੜ ਫੈਸਲੇ ਲਏ ਗਏ:-

**12ਵੀਂ ਮੀਟਿੰਗ ਅਜੰਡਾ ਆਈਟਮ ਨੰ: 8** **ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਤੱਕ ਪੜ੍ਹਾਈ ਦੌਰਾਨ ਸਾਈਕਲ ਦੀ ਖ੍ਰੀਦ ਲਈ ਸਾਈਕਲ ਸਕੀਮ।**

ਇਸ ਅਜੰਡਾ ਆਈਟਮ ਬਾਰੇ ਮੈਂਬਰ ਸਕੱਤਰ ਨੇ ਬੋਰਡ ਨੂੰ ਜਾਣੂੰ ਕਰਵਾਇਆ ਕਿ ਮਾਨਯੋਗ ਚੇਅਰਮੈਨ ਜੀ ਵਲੋਂ ਆਦੇਸ਼ ਦਿਤੇ ਗਏ ਹਨ ਕਿ ਸਾਈਕਲਾਂ ਦੀ ਖਰੀਦ ਲਈ ਨਵੇਂ ਸਿਰੇ ਤੋਂ ਟੈਂਡਰ ਦਿਤਾ ਜਾਵੇ, ਜਿਸ ਵਿੱਚ ਇਹ ਸ਼ਰਤ ਰੱਖੀ ਜਾਵੇ ਕਿ financial bid ਖੋਲ੍ਹਣ ਤੋਂ ਪਹਿਲਾਂ ਸਾਈਕਲਾਂ ਨੂੰ ਲਬਾਟਰੀ ਵਿੱਚ ਚੈਕ ਕਰਵਾਇਆ ਜਾਵੇਗਾ ਤਾਂ ਜ਼ੋ ਟੈਕਨੀਕਲ ਬਿਡ ਖੋਲ੍ਹਣ ਸਮੇਂ ਸਾਈਕਲਾਂ ਦੀ ਕੁਆਲਟੀ ਦੀ ਪਰਖ ਹੋ ਸਕੇ। ਮੈਂਬਰ ਸਕੱਤਰ ਵਲੋਂ ਇਹ ਵੀ ਦੱਸਿਆ ਗਿਆ ਕਿ Research & Development Centre, Ludhiana ਪਾਸੋਂ ਸਾਈਕਲਾਂ ਦੀ ਸਪੈਸੀਫਿਕੇਸ਼ਨਜ਼ ਵੈਟ ਕਰਵਾ ਲਈਆਂ ਗਈਆਂ ਹਨ ਅਤੇ ਇਸ ਸਬੰਧ ਵਿੱਚ ਕੰਟੋਲਰ ਆਫ ਸਟੋਰਜ਼ ਪੰਜਾਬ ਰਾਹੀਂ ਸਾਈਕਲਾਂ ਦੀ ਖ੍ਰੀਦ ਸਬੰਧੀ ਨਵੇਂ ਸਿਰੇ ਤੋਂ ਟੈਂਡਰ ਦੇਣ ਸਬੰਧੀ ਲਿਖਿਆ ਜਾ ਰਿਹਾ ਹੈ।

ਮੈਂਬਰ ਸਕੱਤਰ ਵਲੋਂ ਇਹ ਗੱਲ ਵੀ ਬੋਰਡ ਦੇ ਧਿਆਨ ਵਿੱਚ ਲਿਆਂਦੀ ਗਈ ਕਿ ਉਨ੍ਹਾਂ ਦੇ ਲਖਨਊ ਵਿਖੇ ਦੌਰੇ ਦੌਰਾਨ, ਯੂ.ਪੀ. ਬੀ.ਓ.ਸੀ.ਬੋਰਡ ਦੁਆਰਾ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦੀ ਸੂਚੀ ਪ੍ਰਾਪਤ ਹੋਈ ਹੈ, ਜਿਸ ਅਨੁਸਾਰ ਯੂ.ਪੀ. ਬੋਰਡ ਵਲੋਂ ਵੀ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਸਾਈਕਲ ਸਕੀਮ ਚਲਾਈ ਜਾ ਰਹੀ ਹੈ। ਜਿਸ ਦੇ ਤਹਿਤ ਲਾਭਪਾਤਰੀ ਨੂੰ ਨਿਰਧਾਰਿਤ ਡੀਲਰਾਂ ਤੋਂ ਸਾਈਕਲ ਖਰੀਦਣ ਲਈ ਇਕਮੁਸ਼ਤ 3000/- ਰੁਪਏ ਦੀ ਰਾਸ਼ੀ ਦਿਤੀ ਜਾਂਦੀ ਹੈ ਅਤੇ ਜੇਕਰ ਲਾਭਪਾਤਰੀ ਅਪਣੀ choice ਅਨੁਸਾਰ ਹੋਰ ਮਹਿੰਗਾ ਸਾਈਕਲ ਖਰੀਦਣ ਦਾ

ਚਾਹਵਾਨ ਹੋਵੇ ਤਾਂ ਬਾਕੀ ਰਕਮ ਉਹ ਅਪਣੇ ਪਾਸੋਂ ਪਾ ਸਕਦਾ ਹੈ। ਇਸ ਤਜਵੀਜ ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਸਰਵਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਕਿਉਂਜੋ ਕੰਟਰੋਲਰ ਆਫ ਸਟੋਰਜ਼ ਰਾਹੀਂ ਟੈਂਡਰ ਪ੍ਰਕ੍ਰਿਆ ਮੁਕੰਮਲ ਹੋਣ ਵਿੱਚ ਜਿਆਦਾ ਸਮਾਂ ਲੱਗ ਸਕਦਾ ਹੈ, ਇਸ ਲਈ ਸਾਈਕਲਾਂ ਦੀ ਕੁਆਲਟੀ ਨੂੰ ਮੇਨਟੇਨ ਰੱਖਣ ਲਈ ਨਿਰਧਾਰਿਤ ਸਪੈਸਿਫਿਕੇਸ਼ਨਜ਼ ਦੀ ਸ਼ਰਤ ਲਗਾਉਂਦੇ ਹੋਏ ਬੋਰਡ ਵਲੋਂ ਸਾਈਕਲਾਂ ਦੀ bulk supply ਸਬੰਧੀ ਨਵੇਂ ਸਿਰਿਓਂ ਈ-ਟੈਂਡਰ ਕੰਟਰੋਲਰ ਆਫ ਸਟੋਰਜ਼ ਰਾਹੀਂ ਹੀ ਦਿਤਾ ਜਾਵੇ। ਇਹ ਵੀ ਫੈਸਲਾ ਲਿਆ ਗਿਆ ਕਿ ਕਿਉਂ ਜ਼ੋ ਬੋਰਡ ਵਲੋਂ ਟੈਂਡਰ ਪ੍ਰਕ੍ਰਿਆ ਵਿੱਚ ਕਾਫੀ ਸਮਾਂ ਲੱਗਣ ਦੀ ਸੰਭਾਵਨਾ ਹੈ, ਇਸ ਲਈ ਜਦੋਂ ਤੱਕ ਨਵੇਂ ਟੈਂਡਰਾਂ ਅਨੁਸਾਰ ਬੋਰਡ ਵਲੋਂ ਸਾਈਕਲਾਂ ਦੇ ਰੇਟ ਤਹਿ ਨਹੀਂ ਕਰ ਲਏ ਜਾਂਦੇ, ਤੱਦ ਤੱਕ ਬੋਰਡ ਵਲੋਂ ਪਹਿਲਾਂ ਮੰਗੇ ਗਏ ਟੈਂਡਰਾਂ ਅਨੁਸਾਰ ਮੈਸ: ਵਿਸ਼ਾਲ ਸਾਈਕਲ ਲੁਧਿਆਣਾ ਦੇ ਸਭ ਤੋਂ ਘੱਟ ਰੇਟ 2800/- ਰੁਪਏ ਪ੍ਰਤਿ ਸਾਈਕਲ ਦੇ ਹਿਸਾਬ ਨਾਲ ਰਾਸ਼ੀ ਬਤੌਰ ਸਬਸਿਡੀ ਲਾਭਪਾਤਰੀ ਨੂੰ ਹਰੇਕ ਜਿਲ੍ਹੇ ਵਿੱਚ ਵਿਸ਼ਾਲ, ਹੀਰੋ ਅਤੇ ਐਟਲਸ ਸਾਈਕਲਜ਼ ਦੇ ਤਿੰਨ ਡੀਲਰਾਂ ਤੋਂ ਸਾਈਕਲ ਖ੍ਰੀਦਣ ਲਈ ਦਿਤੀ ਜਾਵੇ ਤਾਂ ਜ਼ੋ ਉਨ੍ਹਾਂ ਦੇ ਬੱਚਿਆਂ ਨੂੰ ਇਸ ਸਕੀਮ ਦਾ ਜਲਦੀ ਫਾਇਦਾ ਪਹੁੰਚਾਇਆ ਜਾ ਸਕੇ ਅਤੇ ਇਸ ਮੰਤਵ ਲਈ ਸਕੀਮ ਦੀਆਂ ਸ਼ਰਤਾਂ ਅਨੁਸਾਰ ਚਾਹਵਾਨ ਲਾਭਪਾਤਰੀ ਦੇ ਨਾਂ ਸਕੱਤਰ ਬੋਰਡ ਵਲੋਂ ਸਲਿਪ/ਕੂਪਨ ਜਾਰੀ ਕੀਤਾ ਜਾਵੇ ਜ਼ੋਕਿ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਰਾਹੀਂ ਲਾਭਪਾਤਰੀ ਨੂੰ ਡਿਲਿਵਰ ਕੀਤਾ ਜਾਵੇ ਅਤੇ ਜੇਕਰ ਲਾਭਪਾਤਰੀ ਅਪਣੀ choice ਅਨੁਸਾਰ ਹੋਰ ਵੱਧ ਕੀਮਤ ਦਾ ਸਾਈਕਲ ਖਰੀਦਣ ਦਾ ਚਾਹਵਾਨ ਹੋਵੇ ਤਾਂ ਬਾਕੀ ਰਕਮ ਉਹ ਅਪਣੇ ਪਾਸੋਂ ਪਾ ਸਕਦਾ ਹੈ। ਇਸ ਸਬੰਧ ਵਿੱਚ ਮੈਂਬਰ ਸਾਹਿਬਾਨ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ। ਕਿਉਂ ਜ਼ੋ ਸਕੂਲ ਸ਼ੁਰੂ ਹੋ ਚੁਕੇ ਹਨ ਅਤੇ +2 ਦੇ ਵਿਦਿਆਰਥੀਆਂ ਦੀ ਲੋੜ ਨੂੰ ਤੁਰੰਤ ਪੂਰਾ ਕਰਨ ਲਈ 500 ਸਾਈਕਲਾਂ ਦੀ ਤੁਰੰਤ ਸਪਲਾਈ ਲੈਣ ਲਈ ਕੂਪਨ ਦਿਤੇ ਜਾ ਸਕਦੇ ਹਨ; ਬਾਕੀ ਬਲਕ ਸਪਲਾਈ ਟੈਂਡਰ ਤੋਂ ਬਾਅਦ ਲਈ ਜਾਵੇਗੀ।

| | |
|---|---|
| **14ਵੀਂ ਮੀਟਿੰਗ ਸਪਲੀਮੈਂਟਰੀ ਅਜੰਡਾ ਆਈਟਮ ਨੰ: 2** | **ਬੋਰਡ ਵਲੋਂ ਆਮਦਨ ਕਰ ਐਪੀਲੇਟ ਟਰਿਬਿਊਨਲ, ਚੰਡੀਗੜ੍ਹ ਪਾਸ ਦਾਇਰ ਕੀਤੇ ਗਏ ਆਮਦਨ ਕਰ ਕੇਸ ਦੀ ਤਾਜਾ ਸਥਿਤੀ ਬਾਰੇ।** |

ਇਸ ਅਜੰਡਾ ਆਈਟਮ ਬਾਰੇ ਮੈਂਬਰ ਸਕੱਤਰ ਵਲੋਂ ਬੋਰਡ ਨੂੰ ਜਾਣੂੰ ਕਰਵਾਇਆ ਗਿਆ ਕਿ ਬੋਰਡ ਵਲੋਂ ਅਸੈਸਮੈਂਟ ਸਾਲ 2010-11 ਅਤੇ 2011-12 ਦੇ ਜਮਾਂ ਕਰਵਾਏ ਇਨਕਮ ਟੈਕਸ ਦੀ ਵਾਪਸੀ ਬਾਰੇ ਜੋ ਕੇਸ ਚਲ ਰਿਹਾ ਸੀ, ਉਸ ਦਾ ਫੈਸਲਾ ਹੋ ਚੁਕਾ ਹੈ ਅਤੇ ਅਸਿਸਟੈਂਟ ਕਮਿਸ਼ਨਰ ਆਫ ਇਨਕਮ ਟੈਕਸ ਵਲੋਂ ਅਪਣੇ ਹੁਕਮ ਮਿਤੀ 28.5.2015 ਰਾਹੀਂ ਮੁੜ ਅਸੈਸਮੈਂਟ ਕਰਕੇ ਇਨ੍ਹਾਂ ਸਾਲਾਂ ਦਾ ਆਮਦਨ ਕਰ ਦਾ ਨਿੱਲ ਡਿਮਾਂਡ ਨੋਟਿਸ ਬੋਰਡ ਦਫਤਰ ਨੂੰ ਭੇਜਿਆ ਗਿਆ ਹੈ ਅਤੇ ਇਸ ਦੇ ਆਧਾਰ ਤੇ ਬੋਰਡ ਵਲੋਂ ਇਨਕਮ ਟੈਕਸ ਵਜੋਂ ਜਮਾਂ ਕਰਵਾਈ ਤਕਰੀਬਨ 56 ਕਰੋੜ ਦੀ ਰਾਸ਼ੀ ਵਿਆਜ ਸਮੇਤ ਜਲਦੀ ਹੀ ਬੋਰਡ ਨੂੰ ਰਿਫੰਡ ਹੋ ਜਾਵੇਗੀ। ਮੈਂਬਰ ਸਕੱਤਰ ਵਲੋਂ ਇਹ ਵੀ ਦੱਸਿਆ ਗਿਆ ਕਿ ਇਸ ਕੇਸ ਵਿੱਚ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸਮੇਂ-ਸਮੇਂ ਸਿਰ ਦਿਤੇ ਦਿਸ਼ਾ-ਨਿਰਦੇਸ਼ਾਂ ਸਦਕੇ ਹੀ ਬੋਰਡ ਨੂੰ ਇਹ ਸਫਲਤਾ ਹਾਸਲ ਹੋਈ ਹੈ। ਇਸ ਸਬੰਧੀ ਮੈਂਬਰ ਸਾਹਿਬਾਨ ਵਲੋਂ ਸੰਤੁਸ਼ਟੀ ਪ੍ਰਗਟ ਕਰਦੇ ਹੋਏ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਪਾਏ ਯੋਗਦਾਨ ਬਾਰੇ ਉਨ੍ਹਾਂ ਦਾ ਸ਼ੁਕਰਾਨਾ ਕੀਤਾ।

| | |
|---|---|
| **15ਵੀਂ ਮੀਟਿੰਗ ਸਪਲੀਮੈਂਟਰੀ ਅਜੰਡਾ ਆਈਟਮ ਨੰ:2** | **Recognition of Prior Learning (RPL) ਦੇ concept ਨੂੰ ਆਧਾਰ ਮਨਦੇ ਹੋਏ ਪਹਿਲਾਂ ਪ੍ਰਵਾਨਤ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਅਪਗ੍ਰੇਡੇਸ਼ਨ ਅਤੇ ਉਨ੍ਹਾਂ ਦੇ ਬੱਚਿਆਂ ਲਈ ਵੋਕੇਸ਼ਨਲ ਐਜੂਕੇਸ਼ਨ ਸਕੀਮ ਵਿੱਚ ਸੋਧ ਕਰਨ ਅਤੇ ਸਕੀਮ ਦੇ latest status ਬਾਰੇ।** |

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਆਰ.ਪੀ.ਐਲ ਸਕੀਮ ਅਧੀਨ ਤਕਨੀਕੀ ਸਿਖਿਆ ਵਿਭਾਗ ਵਲੋਂ ਅਜੇ ਤੱਕ ਕੋਈ ਟਰੇਨਿੰਗ ਸ਼ੁਰੂ ਨਹੀਂ ਕੀਤੀ ਗਈ ਅਤੇ ਬੋਰਡ ਵਲੋਂ ਉਨ੍ਹਾਂ ਨੂੰ ਭੇਜਿਆ ਗਿਆ ਐਮ.ਓ.ਯੂ ਵੀ ਅਜੇ ਤੱਕ ਉਨ੍ਹਾਂ ਵਲੋਂ ਹਸਤਾਖਰ ਕਰਕੇ ਵਾਪਸ ਨਹੀਂ ਕੀਤਾ ਗਿਆ। ਮੀਟਿੰਗ ਦੋਰਾਨ ਪ੍ਰਾਜੈਕਟ ਡਾਇਰੈਕਟਰ (ਸਕਿਲ ਡਿਵੈਲਪਮੈਂਟ) ਵਲੋਂ ਦੱਸਿਆ ਗਿਆ ਕਿ ਮਿਤੀ 17.6.2015 ਨੂੰ ਸਕੱਤਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੀ ਪ੍ਰਧਾਨਗੀ ਹੇਠ ਉਨ੍ਹਾਂ ਵਲੋਂ Sectoral Committee ਦੀ ਮੀਟਿੰਗ ਅਟੈਂਡ ਕੀਤੀ ਗਈ ਸੀ। ਜਿਸ ਵਿੱਚ ਸਕੱਤਰ ਤਕਨੀਕੀ ਸਿਖਿਆ ਵਿਭਾਗ ਵਲੋਂ ਸਕੀਮ ਨੂੰ ਚਾਲੂ ਕਰਨ ਲਈ mobilisation charges ਵਜੋਂ ਇੱਕ ਕਰੋੜ ਰੁਪਏ ਦੀ ਰਕਮ ਉਨ੍ਹਾਂ ਪਾਸ ਜਮਾਂ ਕਰਵਾਉਣ ਲਈ ਬੋਰਡ ਨੂੰ ਕਿਹਾ ਗਿਆ ਜ਼ੋਕਿ ਮਾਨਯੋਗ ਸੁਪਰੀਮ ਕੋਰਟ ਦੁਆਰਾ ਅਪਣੇ ਹੁਕਮ ਮਿਤੀ 7.2.2012 ਵਿੱਚ ਦਿਤੇ ਨਿਰਦੇਸ਼ਾਂ ਅਨੁਸਾਰ ਐਡਵਾਂਸ ਜਮਾਂ ਨਹੀਂ ਕਰਵਾਈ ਜਾ ਸਕਦੀ ਬਲਕਿ ਉਨ੍ਹਾਂ ਵਲੋਂ ਲਾਭਪਾਤਰੀਆਂ ਨੂੰ ਆਰ.ਪੀ.ਐਲ. ਟ੍ਰੇਨਿੰਗ ਦੇਣ ਉਪਰੰਤ ਭੇਜੇ actual ਬਿੱਲਾਂ ਅਨੁਸਾਰ ਅਦਾਇਗੀ ਦਿਤੀ ਜਾ ਸਕਦੀ ਹੈ। ਇਸ ਸਬੰਧ ਵਿੱਚ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਸਕੱਤਰ ਬੋਰਡ ਵਲੋਂ ਅਪਣੀ ਪੱਧਰ ਤੇ ਤਕਨੀਕੀ ਸਿਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਇਸ ਮਸਲੇ ਦਾ ਹੱਲ ਲੱਭਿਆ ਜਾਵੇ ਅਤੇ ਉਸ ਵਿਭਾਗ ਵਲੋਂ ਜੇਕਰ ਬੈਂਕ ਗੱਰੈਂਟੀ ਦਿਤੀ ਜਾਂਦੀ ਹੈ ਤਾਂ mobilisation charges ਵਜੋਂ ਇਕ ਕਰੋੜ ਰੁਪਏ ਦੀ ਰਾਸ਼ੀ ਬਤੌਰ ਐਡਵਾਂਸ ਦੇ ਦੇਣੀ ਚਾਹੀਦੀ ਹੈ। ਇਸ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

| | |
|---|---|
| **16ਵੀਂ ਮੀਟਿੰਗ ਅਜੰਡਾ ਆਈਟਮ ਨੰ: 6** | **ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਪੰਜਾਬ ਸਰਵ ਸਿਹਤ ਬੀਮਾ ਯੋਜਨਾ (PSSBY) ਦੀ ਬਜਾਏ Assurance Mode ਅਧੀਨ ਨਵੀਂ RSBY ਸਕੀਮ ਅਡਾਪਟ ਕਰਨ ਬਾਰੇ।** |

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਪੰਜੀਕ੍ਰਿਤ ਉਸਾਰੀ ਕਿਰਤੀਆਂ ਲਈ Health Assurance Scheme ਲਾਗੂ ਕਰਨ ਵਾਸਤੇ PHSC ਨਾਲ ਮਿਤੀ 30.4.2015 ਨੂੰ ਐਮ.ਓ.ਯੂ ਸਾਈਨ ਕਰ ਲਿਆ ਗਿਆ ਹੈ। ਇਸ ਸਕੀਮ ਅਧੀਨ ਬੋਰਡ ਦੇ 152076 ਲਾਈਵ ਰਜਿਸਟਰ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਸਮੇਤ 220618 ਵਿਅਕਤੀਆਂ ਦਾ ਡਾਟਾ PHSC ਨੂੰ ਭੇਜ਼ ਦਿਤਾ ਗਿਆ ਹੈ ਅਤੇ ਐਮ.ਓ.ਯੂ ਦੇ ਉਪਬੰਧਾਂ ਅਨੁਸਾਰ 50% ਰਾਸ਼ੀ ਜ਼ੋਕਿ 5,70,28,500/- ਰੁਪਏ ਬਣਦੀ ਹੈ, PHSC ਪਾਸ ਐਡਵਾਂਸ ਜਮਾਂ ਕਰਵਾ ਦਿਤੀ ਗਈ ਹੈ, ਲੇਕਿਨ ਉਨ੍ਹਾਂ ਵਲੋਂ ਇਹ ਸਕੀਮ ਹਾਲਾਂ ਤੱਕ ਲਾਗੂ ਨਹੀਂ ਕਰਵਾਈ ਗਈ। ਮੋਕੇ ਤੇ ਮੈਂਬਰ ਸਕੱਤਰ ਵਲੋਂ ਇਹ ਵੀ ਦੱਸਿਆ ਗਿਆ ਕਿ ਡਿਪਟੀ ਸਕੱਤਰ ਬੋਰਡ ਵਲੋਂ PHSC ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਮੋਕੇ ਤੇ ਡਿਪਟੀ ਸਕੱਤਰ ਬੋਰਡ ਵਲੋਂ ਮੈਂਬਰ ਸਾਹਿਬਾਨ ਨੂੰ ਦੱਸਿਆ ਗਿਆ ਕਿ PHSC ਦੁਆਰਾ Assurance Mode ਅਧੀਨ ਆਰ.ਐਸ.ਬੀ.ਵਾਈ ਸਕੀਮ ਚਲਾਉਣ ਲਈ ਟ੍ਰਸਟ ਬਣਾਇਆ ਜਾਣਾ ਹੈ ਜਿਸ ਦੀ ਨੋਟੀਫਿਕੇਸ਼ਨ ਸਰਕਾਰ ਵਲੋਂ ਜਾਰੀ ਕੀਤੀ ਜਾਣੀ ਹੈ। ਜਿਸ ਵਿੱਚ ਵੱਖ-ਵੱਖ ਵਿਭਾਗਾਂ/ਅਦਾਰਿਆਂ ਦੇ 9 ਮੈਂਬਰ ਹੋਣਗੇ। PHSC ਵਲੋਂ TPA/ISA ਨਿਯੁਕਤ ਕਰਨ ਲਈ ਟੈਂਡਰ ਨੋਟਿਸ ਤਿਆਰ ਕਰ ਲਿਆ ਗਿਆ ਹੈ, ਜਿਸ ਦੀ ਕਾਪੀ ਉਨ੍ਹਾਂ ਪਾਸੋਂ ਪ੍ਰਾਪਤ ਕਰ ਲਈ ਗਈ ਹੈ ਅਤੇ ਉਸਨੂੰ ਪ੍ਰਵਾਨ ਕਰਕੇ ਮੁੜ PHSC ਨੂੰ ਭੇਜ਼ ਦਿਤਾ ਜਾਵੇਗਾ। PHSC ਵਲੋਂ ਮਿਲੀ ਜਾਣਕਾਰੀ ਅਨੁਸਾਰ ਟੈਂਡਰ ਦੀ ਪ੍ਰਕ੍ਰਿਆ ਮੁਕੰਮਲ ਕਰਨ ਵਿੱਚ ਇਕ-ਡੇਢ ਮਹੀਨਾ ਲੱਗ ਸਕਦਾ ਹੈ। ਵਿਚਾਰ ਵਟਾਂਦਰੇ ਉਪਰੰਤ ਮੈਂਬਰ ਸਾਹਿਬਾਨ ਵਲੋਂ ਕਿਹਾ ਗਿਆ ਕਿ ਇਸ ਬਾਰੇ ਸਿਹਤ ਵਿਭਾਗ ਨਾਲ ਰੇਗੂਲਰ ਸੰਪਰਕ ਰੱਖਦੇ ਹੋਏ ਇਸ ਸਕੀਮ ਨੂੰ ਜਲਦੀ ਤੋਂ ਜਲਦੀ ਲਾਗੂ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇ।

| | |
|---|---|
| **16ਵੀਂ ਮੀਟਿੰਗ ਸਪਲੀਮੈਂਟਰੀ ਅਜੰਡਾ ਆਈਟਮ ਨੰ: 1** | **ਨਿਰਮਾਣ ਕਾਰਜਾਂ ਵਿੱਚ ਕੰਮ ਕਰਦੇ ਬੋਰਡ ਦੇ ਰਜਿਸਟਰਡ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੀ ਸਿਲੀਕਾਸਿਜ਼ ਅਤੇ ਹੋਰ ਬਿਮਾਰੀਆਂ ਦਾ ਪਤਾ ਲਗਾਣ ਲਈ ਮੋਬਾਈਲ ਲੈਬ ਸਕੀਮ ਬਨਾਉਣ ਬਾਰੇ।** |

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਇਸ ਸਕੀਮ ਨੂੰ operationalize ਕਰਨ ਲਈ ਸਾਲ 2015-16 ਦੋਰਾਨ ਆਉਣ ਵਾਲੇ ਖਰਚੇ ਲਈ ਤਿਆਰ ਕੀਤਾ ਅਨੁਮਾਨਤ ਬਜਟ ਹੇਠ ਅਨੁਸਾਰ ਹੈ:-

| ਲੜੀ ਨੰ: | ਆਈਟਮ | ਅੰਦਾਜਨ ਖਰਚਾ |
|---|---|---|
| 1 | ਮੁਬਾਇਲ ਵੈਨ ਦੇ ਟਾਇਰ | 31,000-00 |
| 2 | ਮੁਬਾਇਲ ਵੈਨ ਦੀ ਰੀਪੇਅਰ, ਸਰਵਿਸ, ਡਾਕਟਰ ਲਈ ਜਰੂਰੀ ਸਮਾਨ ਭਾਵ, ਸਪੂਟਮ ਕਿਟ, ਸਟੈਥੋਸਕੋਪ, ਬੀ.ਪੀ ਆਪਰੇਟਸ, ਵਾਈਟ ਓਵਰ ਕੋਟ, ਮੇਜ, ਕੁਰਸੀਆਂ ਆਦਿ | 2,50,000-00 |
| 3 | ਵੈਨ ਖੜੀ ਕਰਨ ਲਈ ਖਰਚਾ | 60,000-00 |
| 4 | ਵੈਨ ਦਾ ਡੀਜਲ ਆਦਿ ਦਾ ਖਰਚਾ | 1,00,000-00 |
| 5 | ਪੋਰਟੇਵਲ ਐਕਸਰੇ ਮਸੀਨ | 3,50,000-00 |
| | ਕੁਲ ਖਰਚਾ | 7,91,000-00 |

ਮੈਂਬਰ ਸਕੱਤਰ ਵਲੋਂ ਮੋਕੇ ਤੇ ਇਹ ਵੀ ਦੱਸਿਆ ਕਿ ਉਪ੍ਰੋਕਤ ਅਨੁਸਾਰ ਅੰਦਾਜਨ ਖਰਚਾ 8 ਲੱਖ ਦੇ ਕਰੀਬ ਆ ਸਕਦਾ ਹੈ। ਸਪਾਇਰੋਗਰਾਫੀ ਮਸੀਨ ਦਾ ਖਰਚਾ ਇਸ ਖਰਚੇ ਵਿਚ ਅਜੇ ਸਾਮਲ ਨਹੀਂ ਕੀਤਾ ਗਿਆ ਕਿਉਂਕਿ ਹੈਲਥ ਵਿਭਾਗ ਵਲੋਂ ਅਜੇ ਇਸ ਬਾਰੇ ਕੋਈ ਐਸਟੀਮੇਟ ਨਹੀਂ ਦਸਿਆ ਗਿਆ ਅਤੇ ਹੈਲਥ ਵਿਭਾਗ ਦੇ ਅਧਿਕਾਰੀਆਂ ਨਾਲ ਇਕਹੋਰ ਮੀਟਿੰਗ ਕੀਤੀ ਜਾਵੇਗੀ ਅਤੇ ਸਪੈਰੋਗਰਾਫੀ ਮਸੀਨ ਤੇ ਆਉਣ ਵਾਲੇ ਖਰਚੇ ਦੇ ਬਜਟ ਦੀ ਪ੍ਰਵਾਨਗੀ ਬਾਦ ਵਿਚ ਮਾਨਯੋਗ ਚੇਅਰਮੈਨ ਜੀ ਪਾਸੋਂ ਪ੍ਰਾਪਤ ਕਰ ਲਈ ਜਾਵੇਗੀ। ਮੈਂਬਰ ਸਕੱਤਰ ਵਲੋਂ ਇਹ ਵੀ ਦੱਸਿਆ ਗਿਆ ਕਿ ਲੈਬ ਅਸਿਸਟੈਂਟ ਦੀ ਤਨਖਾਹ ਦਾ ਖਰਚਾ ਉਕਤ ਖਰਚੇ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ ਕਿਉਂਕਿ ਫੈਕਟਰੀ ਵਿੰਗ ਪਾਸ ਅਪਣੇ ਤਿੰਨ ਲੈਬ ਅਸਿਸਟੈਂਟ ਹਨ ਅਤੇ ਉਨ੍ਹਾਂ ਦੀ ਤਨਖਾਹ ਦਾ ਖਰਚਾ ਫੈਕਟਰੀ ਵਿੰਗ ਵਲੋਂ ਕੀਤਾ ਜਾਵੇਗਾ। ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਅਜੰਡਾ ਆਈਟਮ ਸਬੰਧੀ ਤਜਵੀਜ ਅਨੁਸਾਰ ਬਜਟ ਦੀ ਪ੍ਰਵਾਨਗੀ ਦਿਤੀ ਗਈ।

**17ਵੀਂ ਮੀਟਿੰਗ ਅਜੰਡਾ ਆਈਟਮ ਨੰ:3** — **ਵਿੱਤੀ ਸਾਲ 2014-15 ਅਤੇ ਮਿਤੀ 1.4.2015 ਤੋਂ 31.5.2015 (ਵਿੱਤੀ ਸਾਲ 2015-16) ਦੌਰਾਨ ਬੋਰਡ ਦੇ ਆਮਦਨ ਅਤੇ ਖਰਚੇ ਦੀ ਸਥਿਤੀ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੌਰਾਨ ਮਾਨਯੋਗ ਚੇਅਰਮੈਨ ਜੀ ਵਲੋਂ ਪ੍ਰੇਖਣ ਕੀਤਾ ਗਿਆ ਕਿ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਦਾ ਕੰਮ ਬਹੁਤ ਢਿੱਲਾ ਹੈ ਅਤੇ ਲੇਬਰ ਕਲਾਸ ਨੂੰ ਬੋਰਡ ਦੀਆਂ ਭਲਾਈ ਸਕੀਮਾਂ ਬਾਰੇ ਬਹੁਤੀ ਜਾਣਕਾਰੀ ਵੀ ਨਹੀਂ ਹੈ। ਇਸ ਸਬੰਧ ਵਿੱਚ ਵਿਚਾਰ ਵਟਾਂਦਰੇ ਦੌਰਾਨ ਫੈਸਲਾ ਲਿਆ ਗਿਆ ਕਿ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਅਤੇ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਬਾਰੇ ਮੁਕੰਮਲ ਜਾਣਕਾਰੀ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਵਿਭਾਗ ਅਤੇ ਸਹਿਕਾਰਤਾ ਵਿਭਾਗ ਨੂੰ ਭੇਜੀ ਜਾਵੇ ਤਾਂ ਜੋ ਉਨ੍ਹਾਂ ਵਲੋਂ ਅਪਣੇ ਵਿਭਾਗ ਦੇ ਮੈਗਜੀਨ ਵਿੱਚ ਬੋਰਡ ਦੀਆਂ ਸਕੀਮਾਂ ਦਾ ਇੰਦਰਾਜ ਕਰਕੇ, ਪਿੰਡਾਂ ਵਿੱਚ ਇਨ੍ਹਾਂ ਸਕੀਮਾਂ ਬਾਰੇ ਜਾਗਰੂਕਤਾ ਪੈਦਾ ਕੀਤੀ ਜਾ ਸਕੇ ਅਤੇ ਵੱਧ ਤੋਂ ਵੱਧ ਉਸਾਰੀ ਕਿਰਤੀ ਅਪਣੀ ਰਜਿਸਟ੍ਰੇਸ਼ਨ ਕਰਵਾਕੇ ਇਨ੍ਹਾਂ ਸਕੀਮਾਂ ਦਾ ਲਾਭ ਉਠਾ ਸਕਣ। ਮੌਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਸਾਰੇ ਖੇਤਰੀ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਜਾਣ ਕਿ ਕੰਸਟ੍ਰਕਸ਼ਨ ਸਾਈਟਾਂ ਤੇ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ ਅਤੇ ਉਥੇ ਕੰਮ ਕਰਨ ਵਾਲੇ ਸਾਰੇ ਉਸਾਰੀ ਕਿਰਤੀ ਬਤੌਰ ਲਾਭਪਾਤਰੀ ਰਜਿਸਟਰਡ ਹੋਣੇ ਚਾਹੀਦੇ ਹਨ। ਬੋਰਡ ਵਲੋਂ ਇਸ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

**17 ਮੀਟਿੰਗ ਅਜੰਡਾ ਆਈਟਮ ਨੰ: 4** — **ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜਾਰ) ਖਰੀਦਣ ਲਈ ਵਿਤੀ ਸਹਾਇਤਾ ਦੇਣ ਬਾਰੇ ਭਲਾਈ ਸਕੀਮ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜ਼ਾਰ) ਖ੍ਰੀਦਣ ਲਈ 3000/- ਰੁਪਏ ਤੱਕ ਦੀ ਵਿੱਤੀ ਸਹਾਇਤਾ ਦੇਣ ਵਾਸਤੇ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਭਲਾਈ ਸਕੀਮ ਪ੍ਰਵਾਨ ਕੀਤੀ ਗਈ:-

(1) ਉਸਾਰੀ ਕਿਰਤੀ ਬੋਰਡ ਦੇ 'ਲਾਭਪਾਤਰੀ' ਵਜੋਂ ਰਜਿਸਟਰ ਹੋਇਆ ਹੋਵੇ।

(2) ਲਾਭਪਾਤਰੀ ਉਸਾਰੀ ਕਿਰਤੀ ਅਪਣੀ ਅੰਸ਼ਦਾਨ ਦੀ ਰਕਮ ਲਗਾਤਾਰ ਜਮਾਂ ਕਰਵਾ ਰਿਹਾ ਹੋਵੇ।

(3) ਲਾਭਪਾਤਰੀ ਨੂੰ ਇਸ ਸਕੀਮ ਅਧੀਨ ਟੂਲਜ ਦੀ ਖਰੀਦ ਲਈ ਵਿਤੀ ਸਹਾਇਤਾ, ਉਸ ਵਲੋਂ ਟੂਲਜ਼ ਖਰੀਦਣ ਉਪਰੰਤ ਦਿਤੀ ਜਾਵੇਗੀ।

(4) ਇਸ ਸਕੀਮ ਅਧੀਨ ਅਰਜੀ ਤੇ ਹੋਰ ਭਲਾਈ ਸਕੀਮਾਂ ਵਾਂਗ ਸਬ-ਡਵੀਜਨ ਪੱਧਰ ਤੇ ਬਣੀ ਕਮੇਟੀ ਦੀ ਪੜਚੋਲ ਉਪਰੰਤ ਡਿਪਟੀ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਸਬੰਧਤ ਅਧਿਕਾਰੀ ਵਲੋਂ ਪੈਸਿਆਂ ਦੀ ਮੰਗ ਕਰਨ ਤੇ ਬੋਰਡ ਵਲੋਂ ਅਦਾਇਗੀ ਲਈ ਰਕਮ ਲਾਭਪਾਤਰੀ ਦੇ ਖਾਤੇ ਵਿੱਚ ਪਾਈ ਜਾਵੇਗੀ।

(5) ਇਸ ਸਕੀਮ ਅਧੀਨ ਵਿਤੀ ਸਹਾਇਤਾ ਦਾ ਲਾਭ ਸਿਰਫ ਉਨ੍ਹਾਂ ਲਾਭਪਾਤਰੀਆਂ ਨੂੰ ਹੀ ਦਿਤਾ ਜਾਵੇਗਾ ਜੋ ਬੋਰਡ ਦੀ ਸਕਿਲ ਡਿਵੈਲਪਮੈਂਟ ਸਕੀਮ ਅਧੀਨ ਸਕਿਲ ਅਪਗ੍ਰੇਡੇਸ਼ਨ ਜਾਂ RPL ਸਕੀਮ ਅਧੀਨ ਟ੍ਰੇਨਿੰਗ ਪ੍ਰਾਪਤ ਕਰ ਚੁਕੇ ਹੋਣਗੇ ਜਿਸਦਾ ਸਬੂਤ ਅਰਜੀ ਨਾਲ ਲਾਉਣਾ ਜਰੂਰੀ ਹੋਵੇਗਾ। ਜਿਸ ਕਿੱਤੇ ਦੀ ਟ੍ਰੇਨਿੰਗ ਕਰੀ ਹੋਵੇ, ਉਸੀ ਕਿੱਤੇ ਨਾਲ ਸਬੰਧਤ ਔਜਾਰ ਖਰੀਦਣ ਲਈ ਔਜਾਰਾਂ ਦੀ ਅਸਲ ਕੀਮਤ ਜਾਂ ਵੱਧ ਤੋਂ ਵੱਧ 3000/- ਰੁ. ਦੀ ਰਾਸ਼ੀ ਦਿਤੀ ਜਾਵੇਗੀ। ਲਾਭਪਾਤਰੀ ਨੂੰ ਔਜਾਰ ਦੇ ਬਿਲਾਂ ਦੀ ਅਸਲ ਰਸੀਦ ਨਾਲ ਲਗਾਉਣੀ ਜਰੂਰੀ ਹੋਵੇਗੀ।

(6) ਇਸ ਸਕੀਮ ਅਧੀਨ ਕਿਰਤੀ ਨੂੰ ਮੈਂਬਰਸ਼ਿਪ ਦੌਰਾਨ ਸਿਰਫ ਇਕ ਵਾਰ ਹੀ ਵਿਤੀ ਸਹਾਇਤਾ ਦਿਤੀ ਜਾਵੇਗੀ।

**17ਵੀਂ ਮੀਟਿੰਗ ਅਜੰਡਾ ਆਈਟਮ ਨੰ:5** — **ਸ੍ਰੀ ਸੁਚਾ ਸਿੰਘ ਬਾਂਡੀ ਡਿਪਟੀ ਸਕੱਤਰ ਦੀ ਨਿਯੁਕਤੀ ਦੇ ਸਮੇਂ ਵਿੱਚ ਵਾਧੇ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੌਰਾਨ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਪ੍ਰੇਖਣ ਕੀਤਾ ਗਿਆ ਕਿ ਅਧਿਕਾਰੀ ਦੇ ਨਿਯੁਕਤੀ ਸਮੇਂ ਵਿੱਚ ਵਾਧਾ ਕਰਨ ਲਈ ਉਨ੍ਹਾਂ ਦੇ ਕੰਮ ਦੀ ਪ੍ਰਫਾਰਮੈਂਸ ਵੇਖਣੀ ਜਰੂਰੀ ਹੈ। ਉਨ੍ਹਾਂ ਵਲੋਂ ਸੁਝਾ ਦਿਤਾ ਗਿਆ ਕਿ ਫਿਲਹਾਲ ਅਧਿਕਾਰੀ ਦੇ ਨਿਯੁਕਤੀ ਸਮੇਂ ਵਿੱਚ ਮਿਤੀ 13.6.2015 ਤੋਂ ਅੱਗੇ 6 ਮਹੀਨੇ ਲਈ ਵਾਧਾ ਕਰ ਦਿਤਾ ਜਾਵੇ ਅਤੇ ਉਸ ਉਪਰੰਤ ਉਨ੍ਹਾਂ ਦੇ ਕੰਮ ਦੀ ਪ੍ਰਫਾਮੈਂਸ ਨੂੰ ਵਿਚਾਰ ਲਿਆ ਜਾਵੇ। ਬੋਰਡ ਵਲੋਂ ਇਸ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

| | |
|---|---|
| **17ਵੀਂ ਮੀਟਿੰਗ ਅਜੰਡਾ ਆਈਟਮ ਨੰ: 6** | **ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਰਾਜ ਦੇ ਚਾਰ ਸ਼ਹਿਰਾਂ ਵਿੱਚ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਕਰਨ ਬਾਰੇ।** |

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਤਜਵੀਜ ਅਨੁਸਾਰ ਪੰਜਾਬ ਬੀ.ਓ.ਸੀ.ਡਬਲਿਯੂ ਬੋਰਡ ਵਲੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਮੋਹਾਲੀ ਵਿਖੇ ਚਾਰ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਲਈ ਜਮੀਨ ਦੀ ਖਰੀਦ ਕਰਨ ਅਤੇ ਇਨ੍ਹਾਂ ਸਾਈਟਾਂ ਤੇ ਉਸਾਰੀ ਦਾ ਕੰਮ ਪੰਜਾਬ ਪੁਲੀਸ ਹਾਊਸਿੰਗ ਕਾਰਪੋਰੇਸ਼ਨ ਨੂੰ ਸੌਂਪਣ ਸਬੰਧੀ ਕਾਰਜਬਾਦ ਪ੍ਰਵਾਨਗੀ ਦਿਤੀ ਗਈ। ਮੌਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਪ੍ਰਸਤਾਵਿਤ ਜਮੀਨ ਦੀ ਖਰੀਦ ਕਰਨ ਲਈ conveyance deed ਕਰਵਾਉਣ ਸਬੰਧੀ ਅਗਲੀ ਲੋੜੀਂਦੀ ਕਾਰਵਾਈ ਜਲਦੀ ਮੁਕੰਮਲ ਕਰ ਲਈ ਜਾਣੀ ਚਾਹੀਦੀ ਹੈ ਤਾਂ ਜ਼ੋ ਇਨ੍ਹਾਂ ਸੈਂਟਰਾਂ ਦੀ ਉਸਾਰੀ ਦਾ ਕੰਮ ਜਲਦੀ ਅਰੰਭ ਹੋ ਸਕੇ। ਇਸ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

| | |
|---|---|
| **17ਵੀਂ ਮੀਟਿੰਗ ਅਜੰਡਾ ਆਈਟਮ ਨੰ:7** | **ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਸਾਲ 2014-15 ਦੀ ਸਾਲਾਨਾ ਗਤੀਵਿਧੀਆ ਬਾਰੇ ਰਿਪੋਟ।** |

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਅਨੁਸਾਰ ਬੋਰਡ ਵਲੋਂ ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਸਾਲ 2014-15 ਦੀ ਸਾਲਾਨਾ ਗਤੀਵਿਧੀਆਂ ਬਾਰੇ ਤਿਆਰ ਕੀਤੀ ਪ੍ਰਬੰਧਕੀ ਰਿਪੋਟ ਪ੍ਰਵਾਨ ਕੀਤੀ ਗਈ।

| | |
|---|---|
| **17ਵੀਂ ਮੀਟਿੰਗ ਅਜੰਡਾ ਆਈਟਮ ਨੰ:8** | **CWP(PIL) No 4847 of 2014-Centre for Social change and Equity v/s Union of India and Others ਦੀ ਸੁਣਵਾਈ ਦੌਰਾਨ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ ਵੈਲਫੇਅਰ ਬੋਰਡ ਦੀ ਕਾਰਗੁਜਾਰੀ ਬਾਰੇ ਕੀਤੇ ਪ੍ਰੇਖਣਾ ਦੇ ਮੱਦੇਨਜਰ ਬੋਰਡ ਵਲੋਂ ਦਿਸ਼ਾ ਨਿਰਦੇਸ਼ ਦੇਣ ਬਾਰੇ।** |

ਇਸ ਅਜੰਡਾ ਆਈਟਮ ਬਾਰੇ ਮੈਂਬਰ ਸਾਹਿਬਾਨ ਵਲੋਂ ਮੀਟਿੰਗ ਵਿੱਚ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਅਪਣੇ ਹੁਕਮ ਮਿਤੀ 24.4.2015 ਵਿੱਚ ਕਿਰਤੀਆਂ ਦੀ ਰਜਿਸਟ੍ਰੇਸ਼ਨ ਫੀਸ ਸਬੰਧੀ ਕੀਤੇ ਪ੍ਰੇਖਣ ਨੂੰ ਮੁੱਖ ਰੱਖਦੇ ਹੋਏ ਮੈਂਬਰ ਸਾਹਿਬਾਨ ਵਲੋਂ ਰਾਇ ਪ੍ਰਗਟ ਕੀਤੀ ਗਈ ਕਿ ਬੋਰਡ ਵਲੋਂ ਬੀ.ਓ.ਸੀ.ਡਬਲਿਯੂ ਐਕਟ 1996 ਅਤੇ ਉਸ ਅਧੀਨ ਬਣੇ ਰੂਲਜ਼ 2008 ਵਿੱਚ ਦਰਜ ਉਪਬੰਧਾਂ ਅਨੁਸਾਰ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਵੇਲੇ ਲਈ ਜਾ ਰਹੀ 25/- ਰੁਪਏ ਰਜਿਸਟ੍ਰੇਸ਼ਨ ਫੀਸ ਅਤੇ ਅੰਸ਼ਦਾਨ ਵਜੋਂ ਲਈ ਜਾ ਰਹੀ 10/- ਰੁਪਏ ਪ੍ਰਤੀ ਮਹੀਨਾ ਰਾਸ਼ੀ ਸਮਾਪਤ ਕਰ ਦੇਣੀ ਚਾਹੀਦੀ ਹੈ ਤਾਂ ਜ਼ੋ ਵੱਧ ਤੋਂ ਵੱਧ ਉਸਾਰੀ ਕਿਰਤੀ ਅਪਣੀ ਰਜਿਸਟ੍ਰੇਸ਼ਨ ਕਰਵਾਕੇ ਬੋਰਡ ਦੀਆਂ ਭਲਾਈ ਸਕੀਮਾਂ ਦਾ ਲਾਭ ਉਠਾ ਸਕਣ। ਮੌਕੇ ਤੇ ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਇਸ ਸਬੰਧ ਵਿੱਚ ਰੂਲਜ਼ 2008 ਵਿੱਚ ਸੋਧ ਕਰਨ ਦੀ ਲੋੜ ਹੈ। ਜਿਸ ਬਾਰੇ ਕਾਰਵਾਈ ਸਰਕਾਰ ਦੀ ਪੱਧਰ ਤੇ ਹੀ ਹੋ ਸਕਦੀ ਹੈ। ਮੈਂਬਰ ਸਾਹਿਬਾਨ ਵਲੋਂ ਉਕਤ ਸੁਝਾਓ ਅਨੁਸਾਰ ਰੂਲਜ਼ 2008 ਵਿੱਚ ਲੋੜੀਂਦੀ ਸੋਧਾਂ ਕਰਨ ਲਈ ਸਰਕਾਰ ਨੂੰ ਸਿਫਾਰਸ਼ ਭੇਜਣ ਲਈ ਕਿਹਾ ਗਿਆ। ਜਿਸ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

ਵਿਚਾਰ ਵਟਾਂਦਰੇ ਦੋਰਾਨ ਮੈਂਬਰ ਸਾਹਿਬਾਨ ਵਲੋਂ ਇਹ ਵੀ ਕਿਹਾ ਗਿਆ ਕਿ ਕੰਸਟ੍ਰਕਸ਼ਨ ਸਾਈਟਾਂ ਉੱਤੇ ਇਸਤਰੀ ਵਰਕਰ ਵੀ ਅਕਸਰ ਕੰਮ ਕਰ ਦੀਆਂ ਹਨ ਅਤੇ ਉਨ੍ਹਾਂ ਦੇ ਛੋਟੇ ਬੱਚੇ ਵੀ ਉਨ੍ਹਾਂ ਦੇ ਨਾਲ ਹੀ ਹੁੰਦੇ ਹਨ ਜ਼ੋਕਿ ਮਿੱਟੀ-ਘੱਟੇ ਵਿੱਚ ਘੁਮਦੇ ਵੇਖੇ ਜਾਂਦੇ ਹਨ। ਮੈਂਬਰ ਸਾਹਿਬਾਨ ਵਲੋਂ ਸੁਝਾਓ ਦਿਤਾ ਗਿਆ ਕਿ ਜੇਕਰ ਬੋਰਡ ਵਲੋਂ ਕੰਸਟ੍ਰਕਸ਼ਨ ਸਾਈਟਾਂ ਉੱਤੇ ਕ੍ਰੈਚਾਂ ਦਾ ਇੰਤਜਾਮ ਕੀਤਾ ਜਾਵੇ ਤਾਂ ਉਸਾਰੀ ਕਿਰਤੀਆਂ ਦੇ ਬੱਚਿਆਂ ਦੀ ਸਾਂਭ-ਸੰਭਾਲ ਚੰਗੀ ਤਰ੍ਹਾਂ ਹੋ ਸਕਦੀ ਹੈ। ਮੈਂਬਰ ਸਾਹਿਬਾਨ ਵਲੋਂ ਇਸ ਸਬੰਧੀ ਬੋਰਡ ਵਲੋਂ ਸਕੀਮ ਤਿਆਰ ਕਰਕੇ ਅਗਲੀ ਮੀਟਿੰਗ ਵਿੱਚ ਅਜੰਡਾ ਆਈਟਮ ਵਜੋਂ ਪੇਸ਼ ਕਰਨ ਦਾ ਸੁਝਾ ਦਿਤਾ ਗਿਆ, ਜਿਸ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

| | |
|---|---|
| **17ਵੀਂ ਮੀਟਿੰਗ ਅਜੰਡਾ ਆਈਟਮ ਨੰ:9** | **ਰਾਜ ਵਿੱਚ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਉਸਾਰੀ ਸਬੰਧੀ ਮੌਜੂਦਾ ਸਥਿਤੀ ਬਾਰੇ।** |

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਸਥਾਨਕ ਸਰਕਾਰ ਵਿਭਾਗ ਅਤੇ ਪੰਜਾਬ ਪੁਲੀਸ ਹਾਊਸਿੰਗ ਕਾਰਪੋਰੇਸ਼ਨ ਦੇ ਨੁਮਾਇੰਦੇ ਵਲੋਂ ਉਨ੍ਹਾਂ ਨੂੰ ਅਲਾਟ ਕੀਤੀਆਂ ਸਾਈਟਾਂ ਤੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਦੀ ਉਸਾਰੀ ਸਬੰਧੀ ਮੌਜੂਦਾ ਸਥਿਤੀ ਬਾਰੇ ਬੋਰਡ ਨੂੰ ਜਾਣੂੰ ਕਰਵਾਇਆ ਗਿਆ। ਸਥਾਨਕ ਸਰਕਾਰ ਵਿਭਾਗ ਵਲੋਂ ਸ੍ਰੀ ਮਨਮੋਹਨ ਸਿੰਘ, ਇੰਜੀਨੀਅਰ-ਇਨ-ਚੀਫ ਵਲੋਂ ਮੌਕੇ ਤੇ ਦੱਸਿਆ ਗਿਆ ਕਿ ਉਨ੍ਹਾਂ ਨੂੰ ਅਲਾਟ ਹੋਈਆਂ 11 ਸਾਈਟਾਂ ਵਿਚੋਂ 6 ਸਾਈਟਾਂ ਤੇ ਉਸਾਰੀ ਦਾ ਕੰਮ ਚਲ ਰਿਹਾ ਹੈ ਅਤੇ ਬਾਕੀ ਸਾਈਟਾਂ ਤੇ ਲੋਕਾਂ ਵਲੋਂ ਇਤਰਾਜ ਉਠਾਏ ਜਾਣ ਕਾਰਨ

ਉਸਾਰੀ ਦਾ ਕੰਮ ਅਰੰਭ ਨਹੀਂ ਹੋ ਸਕਿਆ। ਇਸੇ ਤਰਾਂ ਪੰਜਾਬ ਪੁਲੀਸ ਹਾਊਸਿੰਗ ਕਾਰਪੋਰੇਸ਼ਨ ਦੇ ਨੁਮਾਇੰਦੇ ਸ੍ਰੀ ਰਣਜੋਧ ਸਿੰਘ, ਐਸ.ਈ. ਵਲੋਂ ਦੱਸਿਆ ਗਿਆ ਕਿ ਉਨ੍ਹਾਂ ਨੂੰ ਅਲਾਟ ਕੀਤੀਆਂ 14 ਸਾਈਟਾਂ ਵਿਚੋਂ 7 ਸਾਈਟਾਂ ਤੇ ਉਸਾਰੀ ਦਾ ਕੰਮ ਚਲ ਰਿਹਾ ਹੈ ਅਤੇ ਬਾਕੀ 7 ਸਾਈਟਾਂ ਤੇ ਲੋਕਾਂ ਦੇ ਇਤਰਾਜ ਉਠਾਉਣ ਕਾਰਨ ਉਸਾਰੀ ਵਿੱਚ ਔਕੜਾਂ ਆਉਣ ਬਾਰੇ ਦੱਸਿਆ ਗਿਆ। ਇਸ ਸਬੰਧ ਵਿੱਚ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸਥਾਨਕ ਸਰਕਾਰ ਵਿਭਾਗ ਦੇ ਨੁਮਾਇੰਦੇ ਸ੍ਰੀ ਮਨਮੋਹਨ ਸਿੰਘ ਨੂੰ ਕਿਹਾ ਗਿਆ ਕਿ ਕਿਉਂ ਜ਼ੋ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਲਈ ਵੱਖ ਵੱਖ ਥਾਵਾਂ ਤੇ ਜਮੀਨ ਉਨ੍ਹਾਂ ਦੇ ਵਿਭਾਗ ਵਲੋਂ ਅਲਾਟ ਕੀਤੀ ਗਈ ਹੈ, ਇਸ ਲਈ ਜਿਥੇ ਕਿਤੇ ਉਸਾਰੀ ਸਬੰਧੀ ਲੋਕਾਂ ਦਾ ਇਤਰਾਜ ਹੈ, ਉਸ ਬਾਰੇ ਸਥਾਨਕ ਸਰਕਾਰ ਵਿਭਾਗ ਨੂੰ ਹੀ ਵਿਵਾਦ ਦਾ ਹਲ ਕੱਢਣਾ ਚਾਹੀਦਾ ਹੈ ਅਤੇ ਜੇਕਰ ਇਹ ਸੰਭਵ ਨਹੀਂ, ਤਾਂ ਵਿਵਾਦਿਤ ਜਗ੍ਹਾਂ ਦੇ ਬਦਲੇ ਹੋਰ ਸੂਟੇਬਲ ਜਗ੍ਹਾ ਮੁਹੱਈਆ ਕਰਵਾਉਣ ਦੀ ਜਿੰਮੇਵਾਰੀ ਸਥਾਨਕ ਸਰਕਾਰ ਵਿਭਾਗ ਦੀ ਹੀ ਹੈ। ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸਥਾਨਕ ਸਰਕਾਰ ਵਿਭਾਗ ਦੇ ਨੁਮਾਇੰਦੇ ਨੂੰ ਜ਼ੋਰ ਦੇਕੇ ਕਿਹਾ ਗਿਆ ਕਿ ਵਿਵਾਦਿਤ ਸਾਈਟਾਂ ਦੀ ਥਾਂ ਦੋ ਹਫਤੇ ਦੇ ਅੰਦਰ ਅੰਦਰ substituted ਥਾਵਾਂ ਮੁਹੱਈਆ ਕਰਵਾਈਆਂ ਜਾਣ ਅਤੇ ਇਸ ਤੋਂ ਇਲਾਵਾ ਰਾਜ ਵਿੱਚ 20 ਹੋਰ ਸਾਈਟਾਂ ਬਾਰੇ ਮੁਕੰਮਲ ਤਜਵੀਜ ਬੋਰਡ ਦਫਤਰ ਨੂੰ ਭੇਜੀ ਜਾਵੇ ਤਾਂ ਜ਼ੋ ਉਨ੍ਹਾਂ ਥਾਵਾਂ ਦੀ ਵਿਭਾਗ ਦੇ ਸਬੰਧਤ ਅਧਿਕਾਰੀਆਂ ਰਾਹੀਂ ਸੂਟੇਬਿਲਟੀ ਰਿਪੋਟ ਪ੍ਰਾਪਤ ਕਰਕੇ, ਉਨ੍ਹਾਂ ਥਾਵਾਂ ਤੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰਾਂ ਦੀ ਉਸਾਰੀ ਸਬੰਧੀ ਬੋਰਡ ਵਲੋਂ ਕਾਰਵਾਈ ਅਰੰਭ ਕੀਤੀ ਜਾ ਸਕੇ। ਪ੍ਰਮੁੱਖ ਸਕੱਤਰ ਕਿਰਤ ਜੀ ਦੇ ਉਪਰੋਕਤ ਸੁਝਾਓ ਅਨੁਸਾਰ ਬੋਰਡ ਵਲੋਂ ਸਰਵ-ਸੰਮਤੀ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

**17ਵੀਂ ਮੀਟਿੰਗ ਅਜੰਡਾ ਆਈਟਮ ਨੰ: 10** — **ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਮਾਨਸਿਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ ਵਿਤੀ ਸਹਾਇਤਾ ਸਕੀਮ।**

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਮਾਨਸਿਕ ਰੋਗਾਂ ਨਾਲ ਗ੍ਰਸਤ ਬੱਚਿਆਂ ਦੀ ਸਾਂਭ ਸੰਭਾਲ ਲਈ ਉਨ੍ਹਾਂ ਨੂੰ 20,000/- ਰੁਪਏ ਸਾਲਾਨਾ ਵਿਤੀ ਸਹਾਇਤਾ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਦੇਣ ਦੀ ਪ੍ਰਵਾਨਗੀ ਦਿਤੀ ਗਈ:-

(1) ਲਾਭਪਾਤਰੀ ਬੋਰਡ ਪਾਸ ਲਗਾਤਾਰ ਅਪਣੀ ਅੰਸ਼ਦਾਨ ਦੀ ਰਾਸ਼ੀ ਜਮਾਂ ਕਰਵਾ ਰਿਹਾ ਹੋਵੇ।

(2) ਲਾਭਪਾਤਰੀ ਦੇ ਬੱਚੇ ਦੇ ਮਾਨਸਿਕ ਰੋਗੀ ਜਾਂ ਅਪੰਗ ਹੋਣ ਸਬੰਧੀ ਸਰਕਾਰੀ ਹਸਪਤਾਲ ਜਾਂ ਈ.ਐਸ.ਆਈ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਵਲੋਂ ਲਿਖਤੀ ਰੂਪ ਵਿੱਚ ਸਰਟੀਫਿਕੇਟ ਦਿਤਾ ਗਿਆ ਹੋਵੇ।

**17ਵੀਂ ਮੀਟਿੰਗ ਅਜੰਡਾ ਆਈਟਮ ਨੰ:11** — **Current Status of Labour Bhawan and schedule of completion.**

ਪੰਜਾਬ ਪੁਲੀਸ ਹਾਊਸਿੰਗ ਕਾਰਪੋਰੇਸ਼ਨ ਜਿਨ੍ਹਾਂ ਨੂੰ ਮੁਹਾਲੀ ਵਿਖੇ ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਦਾ ਕੰਮ ਅਲਾਟ ਕੀਤਾ ਹੋਇਆ ਹੈ, ਵਲੋਂ ਮੀਟਿੰਗ ਦੋਰਾਨ ਸ੍ਰੀ ਰਣਜੋਧ ਸਿੰਘ, ਐਸ.ਈ. ਵਲੋਂ ਉਸਾਰੀ ਦੀ ਪ੍ਰਗਤੀ ਬਾਰੇ presentation ਦਿਤੀ ਗਈ ਅਤੇ ਦੱਸਿਆ ਗਿਆ ਕਿ completion of schedule ਅਨੁਸਾਰ ਉਨ੍ਹਾਂ ਵਲੋਂ ਉਸਾਰੀ ਦਾ ਕੰਮ ਨਿਰਧਾਰਿਤ ਮਿਤੀ 28.7.2016 ਤੱਕ ਮੁਕੰਮਲ ਕਰਨ ਲਈ ਦੱਸਿਆ ਹੋਇਆ ਹੈ। ਮੋਕੇ ਤੇ ਉਨ੍ਹਾਂ ਵਲੋਂ ਇਹ ਦੱਸਿਆ ਗਿਆ ਕਿ ਉਸਾਰੀ ਦਾ ਕੰਮ ਤੇਜੀ ਨਾਲ ਚਲ ਰਿਹਾ ਹੈ ਅਤੇ ਆਸ ਹੈ ਕਿ ਨਿਰਧਾਰਿਤ ਮਿਤੀ ਤੋਂ ਵੀ ਦੋ ਮਹੀਨੇ ਪਹਿਲਾਂ ਸਾਰਾ ਕੰਮ ਮੁਕੰਮਲ ਹੋ ਜਾਵੇਗਾ। ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਉਸਾਰੀ ਦੇ ਕੰਮ ਵਿੱਚ quality of work ਨੂੰ ਧਿਆਨ ਵਿੱਚ ਰੱਖਣਾ ਬਹੁਤ ਜਰੂਰੀ ਹੈ ਅਤੇ ਇਸ ਵਿੱਚ ਕਿਸੇ ਕਿਸਮ ਦੀ ਬੇਕਾਇਦਗੀ ਬਾਰੇ ਕੋਈ compromise ਨਹੀਂ ਕੀਤਾ ਜਾਵੇਗਾ। ਮੋਕੇ ਤੇ ਮੈਂਬਰ ਸਾਹਿਬਾਨ ਵਲੋਂ ਸੁਝਾਓ ਦਿਤਾ ਗਿਆ ਕਿ ਇਸ ਬਾਰੇ ਪੈਕ (ਡੀਮਡ ਯੂਨੀਵਰਸਿਟੀ, ਚੰਡੀਗੜ੍ਹ) ਦੇ ਸਟ੍ਰਕਚਰਲ ਐਕਸਪਰਟ ਦੀ ਸਲਾਹ ਲੈ ਲੈਣੀ ਯੋਗ ਹੋਵੇਗੀ ਤਾਂ ਜ਼ੋ ਮਾਡਲ ਵੈਲਫੇਅਰ ਸੈਂਟਰ ਦੀ ਉਸਾਰੀ ਦੀ ਕੁਆਲਿਟੀ ਨੂੰ ਹਰ ਪੱਖੋਂ ਯਕੀਨੀ ਬਣਾਇਆ ਜਾ ਸਕੇ। ਮੋਕੇ ਤੇ ਪੰਜਾਬ ਪੁਲੀਸ ਹਾਊਸਿੰਗ ਕਾਰਪੋਰੇਸ਼ਨ ਦੇ ਨੁਮਾਇੰਦੇ ਸ੍ਰੀ ਰਣਜੋਧ ਸਿੰਘ, ਐਸ.ਈ. ਵਲੋਂ ਵਿਸ਼ਵਾਸ ਦੁਵਾਇਆ ਗਿਆ ਕਿ ਉਹ ਮਾਡਲ ਵੈਲਫੇਅਰ ਸੈਂਟਰ ਮੁਹਾਲੀ ਦੇ ਡਿਜਾਈਨ ਦੀ ਕਾਪੀ ਪੈਕ ਤੋਂ ਚੇਕ ਕਰਵਾ ਲੈਣਗੇ। ਇਸ ਸਾਰੀ ਸਥਿਤੀ/ਤਜਵੀਜ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

17ਵੀਂ ਮੀਟਿੰਗ ਅਜੰਡਾ ਆਈਟਮ ਨੰ: 12

**ਰਾਜ ਵਿੱਚ ਚਲ ਰਹੇ 21 ਸ਼ਹਿਰੀ ਪ੍ਰਾਈਮਰੀ ਸਿਹਤ ਸੈਂਟਰਾਂ ਨੂੰ ਮਾਲੀ ਸਹਾਇਤਾ ਪ੍ਰਦਾਨ ਕਰਨ ਸਬੰਧੀ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਸਲਮ ਏਰੀਆ ਜਿਥੇ ਕਿ ਉਸਾਰੀ ਕਿਰਤੀ ਬਹੁ-ਗਿਣਤੀ ਵਿੱਚ ਰਹਿੰਦੇ ਹਨ, ਵਿੱਚ ਸਿਹਤ ਵਿਭਾਗ ਦੁਆਰਾ ਚਲਾਏ ਜਾ ਰਹੇ 21 ਪ੍ਰਾਈਮਰੀ ਸਿਹਤ ਸੈਂਟਰਾਂ ਦੇ ਕੰਮ-ਕਾਜ ਨੂੰ ਹੋਰ ਅਸਰਦਾਰ ਬਨਾਉਣ ਲਈ ਬੋਰਡ ਵਲੋਂ ਵਿਤੀ ਸਹਾਇਤਾ ਦੇਣ ਸਬੰਧੀ ਤਜਵੀਜ ਸਿਧਾਂਤਕ ਤੋਰ ਤੇ ਮੰਨਜੂਰ ਕੀਤੀ ਗਈ ਅਤੇ ਆਦੇਸ਼ ਦਿਤੇ ਗਏ ਕਿ ਇਸ ਸਬੰਧੀ ਸਿਹਤ ਵਿਭਾਗ ਪਾਸੋਂ ਵਿਸਤ੍ਰਿਤ ਸਕੀਮ ਪ੍ਰਾਪਤ ਕਰਕੇ ਨਿਯਮਾਂ ਅਨੁਸਾਰ ਲਾਭਪਾਤਰੀ ਉਸਾਰੀ ਕਿਰਤੀਆਂ ਲਈ ਭਲਾਈ ਸਕੀਮ ਤਿਆਰ ਕੀਤੀ ਜਾਵੇ।

17ਵੀਂ ਮੀਟਿੰਗ ਅਜੰਡਾ ਆਈਟਮ ਨੰ: 13

**Toilets in Labour Colonies where construction workers resides-GOI linked scheme with Swatch Bharat Abhyan.**

ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਦੱਸਿਆ ਗਿਆ ਕਿ ਸਵੱਛ ਭਾਰਤ ਅਭਿਆਨ ਤਹਿਤ ਸਲਮ ਏਰੀਏ ਜਿਥੇ ਉਸਾਰੀ ਕਿਰਤੀ ਜਿਆਦਾ ਗਿਣਤੀ ਵਿੱਚ ਰਹਿ ਰਹੇ ਹਨ, ਉਨ੍ਹਾਂ ਥਾਵਾਂ ਤੇ cluster basis ਤੇ ਟਾਇਲਟਸ ਤਿਆਰ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਇਹ ਟਾਇਲਟਸ ਬਨਾਉਣ ਲਈ ਲੋੜੀਂਦੀ ਅਤੇ ਢੁਕਵੀਂ ਜਗ੍ਹਾ ਸਥਾਨਕ ਸਰਕਾਰ ਵਲੋਂ ਮੁੱਹਈਆ ਕਰਵਾਈ ਜਾਵੇਗੀ ਅਤੇ ਉਸ ਜਗ੍ਹਾ ਤੇ ਟਾਇਲਟਸ ਤਿਆਰ ਕਰਵਾਉਣ ਦਾ ਸਾਰਾ ਖਰਚਾ ਬੋਰਡ ਵਲੋਂ ਦਿਤਾ ਜਾਵੇ। ਇਨ੍ਹਾਂ ਟਾਇਲਟਸ ਦੀ ਰੱਖ-ਰੱਖਾਵ ਅਤੇ ਰਿਪੇਅਰ ਆਦਿ ਦਾ ਸਾਰਾ ਪ੍ਰਬੰਧ ਸਥਾਨਕ ਸਰਕਾਰ ਵਿਭਾਗ ਵਲੋਂ ਕੀਤਾ ਜਾਵੇਗਾ। ਇਸ ਬਾਰੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸਥਾਨਕ ਸਰਕਾਰ ਵਿਭਾਗ ਦੇ ਨੁਮਾਇੰਦੇ ਸ੍ਰੀ ਮਨਮੋਹਨ ਸਿੰਘ ਇੰਜੀਨੀਅਰ-ਇਨ-ਚੀਫ ਨੂੰ ਕਿਹਾ ਗਿਆ ਕਿ ਰਾਜ ਵਿੱਚ ਅਜਿਹੇ ਸਲਮ ਏਰੀਏ ਜਿਥੇ ਉਸਾਰੀ ਕਿਰਤੀਆਂ ਦੀ ਤਾਦਾਦ ਜਿਆਦਾ ਹੋਵੇ, ਵਿੱਚ ਢੁਕਵੀਂ ਜਗ੍ਹਾ ਦੀ ਭਾਲ ਕਰਕੇ ਤੁਰੰਤ ਬੋਰਡ ਨੂੰ ਸੂਚਿਤ ਕੀਤਾ ਜਾਵੇ। ਬੋਰਡ ਵਲੋਂ ਕਿਹਾ ਗਿਆ ਕਿ ਇਸ ਸਬੰਧ ਵਿੱਚ ਸਥਾਨਕ ਸਰਕਾਰ ਪਾਸੋਂ ਸੂਚਨਾ ਪ੍ਰਾਪਤ ਹੋਣ ਤੇ ਢੁਕਵੀਂ ਸਕੀਮ ਤਿਆਰ ਕਰਕੇ ਨਿਯਮਾਂ ਅਨੁਸਾਰ ਬੋਰਡ ਦੀ ਮੰਨਜੂਰੀ ਲਈ ਪੇਸ਼ ਕੀਤੀ ਜਾਵੇ ਅਤੇ ਇਸ ਸਬੰਧੀ ਚੀਫ ਆਰਕੀਟੈਕਟ ਪੰਜਾਬ ਨੂੰ ਟਾਇਲੈਟਸ ਦਾ ਡਿਜਾਈਨ ਤਿਆਰ ਕਰਨ ਲਈ ਵੀ ਲਿਖਿਆ ਜਾਵੇ।

ਮਾਨਯੋਗ ਚੈਅਰਮੈਨ ਜੀ ਦੇ ਧੰਨਵਾਦ ਦੇ ਮਤੇ ਨਾਲ ਮੀਟਿੰਗ ਸਮਾਪਤ ਹੋਈ।